ਪੈਂਤੀਸ ਅੱਖਰੀ

ਕ੍ਰਿਤ

ਕਵੀ ਬਾਬਾ ਕਾਲਾ ਸਿੰਘ ਜੀ

ਪ੍ਰਕਾਸ਼ਕ–
ਮੈਨੇਜਰ "ਸਤਿਜੁਗ" ਸ੍ਰੀ ਭੈਣੀ
ਸਾਹਿਬ ਜ਼ਿਲਾ ਲੁਦਿਹਾਨਾ

ਦੂਸਰੀ ਵਾਰ ੧੦੦੦ ਕੀਮਤ =)

ਧੂਰਜ

ਪ੍ਰਸਿੱਧ ਕਵੀ ਬਾਬਾ ਕਾਲਾ ਸਿੰਘ ਜੀ

ਨਾਮਧਾਰੀ ਪੰਥ ਵਿਚ ਸ਼ਾਇਦ ਹੀ ਕੋਈ ਅਜੇਹਾ ਹੋਵੇ ਜੋ ਬਾਬਾ ਕਾਲਾ ਸਿੰਘ ਜੀ ਤੋਂ ਪ੍ਰਚਿਤ ਨ ਹੋਵੇ। ਆਪ ਜੀ ਦਾ ਪੰਥਕ ਪਿਆਰ ਸੂਰਜਵਤ ਰੋਸ਼ਨ ਹੈ। ਇਤਿਹਾਸ ਨਾਲ ਆਪ ਜੀ ਨੂੰ ਢੇਰ ਪਿਆਰ ਏ। ਆਪ ਨਾਲ ਜਦ ਵੀ ਕਦੇ ਇਕਾਂਤ ਬਚਨ ਬਲਾਸ ਕਰਨ ਦਾ ਸਮਾਂ ਮਿਲਿਆ, ਤਾਂ ਆਪ ਇਤਹਾਸ ਸੰਬੰਧੀ ਹੀ ਚਰਚਾ ਕਰਦੇ ਸੁਣੇ। ਨਾਮ-ਧਾਰੀ ਇਤਹਾਸ ਸੰਬੰਧੀ ਆਪ ਜੀ ਨੇ ਇਕ ਦੋ ਪੁਸਤਕ ਵੀ ਲਿਖੇ ਹਨ। ਭਾਵੇਂ ਓਹ ਪੈਂਤੀ ਅੱਖਰੀ ਤੋਂ ਬਿਨਾਂ ਅਪ੍ਰਮਾਣੀਕ ਹੀ ਹਨ ਕਿਉਂਕਿ ਉਹਨਾਂ ਵਿਚ ਅਤਯੋਕਤੀ ਤੋਂ ਬਹੁਤ ਕੰਮ ਲਿਆ ਏ। ਜੋ ਪ੍ਰਸੰਗ ਜਿਸ ਤਰਾਂ ਕਿਸੇ ਨੇ ਆ ਦਸੇ, ਆਪ ਜੀ ਨੇ ਓਹ ਬਿਨਾਂ ਕਿਸੇ ਖੋਜ ਦੇ ਦਲੀਲ ਦੀ ਕਸਵੱਟੀ ਉਤੇ ਪ੍ਰਖੇ ਬਿਨਾਂ ਹੀ ਜਿਉਂ ਦੇ ਤਿਉਂ ਲਿਖ ਦਿਤੇ। ਜੋ ਇਕ ਸੁਯੋਗ ਇਤਹਾਸਗਜ ਲਈ ਉਚਿਤ ਨਹੀਂ ਕੌਮ ਲਈ ਤਾਂ ਅਜੇਹੇ ਵਾਕਿਆਤ ਢੇਰ ਨੁਕਸਾਨ ਦੇਹ ਹੁੰਦੇ ਹੀ ਹਨ ਨਾਲ ਹੀ ਇਤਹਾਸ ਦੀ ਸਚਾਈ ਵਿਚ ਵੀ ਵਾਧਕ ਹੋਏ ਬਿਨਾਂ ਨਹੀਂ ਰਹਿੰਦੇ ਫਿਰ ਵੀ ਜੋ ਕੁਝ ਆਪਨੇ ਨੇ ਕੀਤਾ ਏ ਓਹ ਕਾਫ਼ੀ ਏ। ਇਸ ਲਈ ਆਪ ਵਧਾਈ ਦੇ ਪਾਤ੍ਰ ਹਨ !!

ਜਨਮ ਕਾਲ ਅਤੇ ਜਾਤੀ

ਆਪਦਾ ਜਨਮ ਪਿੰਡ ਨੰਗਲ ਪ੍ਰਗਨਾ ਪਖੋਵਾਲ ਜ਼ਿਲਾ ਲੁਦਿਹਾਨਾ ਵਿਖੇ ਹੋਇਆ। ਆਪ ਜਾਤੀ ਦੇ ਨਾਮਾਬੰਸੀ ਅਰਥਾਤ ਛੀਂਬੇ ਸਿੰਘ ਹਨ। ਆਪ ਜੀ ਨੇ ਆਪਣਾ ਪ੍ਰਚਯ ਆਪ ਹੀ ਆਪਣੀ ਰਚਨਾ ਵਿਚ ਅੰਦ ਦਿਤਾ ਏ :—

ਨੰਗਲ ਵੱਡਾ ਪਖੋਵਾਲ ਪਾਸ ਮੇਰਾ,
ਭੈਣੀ ਸਾਹਿਬੋਂ ਸੋਲ੍ਹਾਂ ਕੋਹ ਧਾਮ ਹੈ ਜੀ !
ਸੁੰਦਰ ਸਿੰਘ ਤੇ ਸਿੰਘ ਮਤਾਬ ਭਾਈ,
ਨਾਮਾ ਬੰਸੀਆਂ ਦਾ ਸਾਡਾ ਜਾਮ ਹੈ ਜੀ !
ਸਾਲ ਉਨੀ ਸੌ ਵਿਚ ਬਤਾਲੀਏ ਦੇ,
ਅਸਾਂ ਪੁਛਿਆ ਗੁਰੂ ਦਾ ਨਾਮ ਹੈ ਜੀ !
ਸਤਿਗੁਰੂ ਬਗ਼ੈਰ ਅੰਧੇਰ ਸਾਰੇ,
ਓਧੀ ਬੰਦਗੀ ਵਿੱਚ ਆਰਾਮ ਹੈ ਜੀ !

ਕਵੀ ਦੀ ਦ੍ਰਿਸ਼ਟੀ ਸਰਵ ਵਿਆਪਨੀ ਹੁੰਦੀ ਏ, ਜਿਥੇ ਪਵਨ ਦੀ ਵੀ ਗਵਨ ਨਹੀਂ, ਕਵੀ ਓਥੇ ਵੀ ਸੁਤੰਤ੍ਰਤਾ ਪੂਰਵਕ ਵਿਚਰਦਾ ਏ, 'ਜਿਥੇ ਨ ਜਾਇ ਰਵੀ, ਓਥੇ ਜਾਇ ਕਵੀ' ਕਵੀ ਦਾ ਸੰਸਾਰ ਵਿਰੰਚ ਦੇ ਪ੍ਰਪੰਚ ਤੋਂ ਭਿੰਨ ਹੁੰਦਾ ਏ। ਮੰਨਿਆ ਕਿ ਕਵੀ ਕੇਹਾ ਪ੍ਰਤਿਭਾ-ਸ਼ਾਲੀ ਕਿਉਂ ਨ ਹੋਵੇ, ਪਰ ਓਹ ਬਿਨਾਂ ਕਿਸੇ ਅਧਾਰ ਯਾ ਛਾਯਾ ਦੇ ਨੂਤਨ ਰਚਨਾ ਨਹੀਂ ਕਰ ਸਕਦਾ ਪਰ ਜੋ ਵਾਸਤਵਿਕ ਕਵੀ ਹੁੰਦਾ ਏ ਓਹ ਦੂਸਰੇ ਦੇ ਅਧਾਰ ਨੂੰ ਅਜੇਹਾ ਨਵੀਨ ਅਤੇ ਅਪੂਰਵ ਰੂਪ ਦੇਂਦਾ ਏ ਕਿ ਉਸ ਵਿਚ ਆਸਾਧਾਰਨ ਚਮਤਕਾਰ ਚਮਕਨ ਲਗ ਜਾਂਦਾ ਏ ਅਤੇ ਅਰਥ ਅਪਹਰਨ ਦੇ ਦੋਸ਼ ਤੋਂ ਵੀ ਬਚ ਜਾਂਦਾ ਏ। ਏਹ ਆਸਾਧਾਰਨ ਚਮਤਕਾਰ ਓਹਨਾਂ ਨਾਮ ਧਰੀਕ ਕਵੀਆਂ ਦੀ ਕਵਿਤਾ ਵਿਚ ਨਹੀਂ ਮਿਲਦਾ ਜੋ ਕੇਵਲ ਕ੍ਰਿਤਮਤਾ ਦੇ ਫੇਰ ਵਿਚ ਹੀ ਪਏ ਰਹਿੰਦੇ ਹਨ। ਸੁ ਕਵੀ ਹਰ ਸਮੇਂ ਆਪਨੇ ਇਸ਼ਟ ਵਿਸ਼ੇ ਵਿਚ ਤੱਲੀਨ ਰਹਿੰਦਾ ਏ। ਉਸਦਾ ਜੀਵਨ ਹੀ ਕਵਿਤਾ ਮਈ ਹੁੰਦਾ ਏ। ਓਹ ਨਿਸ ਸ੍ਵਾਰਥ ਹੁੰਦਾ ਏ। ਜੋ ਕਵੀ ਕਿਸੇ ਲੋਭ ਲਾਲਚ ਵਸ ਕਵਿਤਾ ਲਿਖਦਾਏ ਉਸਦੀ

ਕਵਿਤਾ, ਕਵਿਤਾ ਨਹੀਂ ਮੁਲ ਖ੍ਰੀਦੀ ਦਾਸੀ ਏ। ਸੱਚੀ ਸ੍ਵਾਭਾਵਕ ਕਵਿਤਾ ਦਾ ਮੁਲ ਕੌਣ ਦੇ ਸਕਦਾ ਏ। ਅਜੇਹੀ ਕਵਿਤਾ ਦੇ ਪਹਿਲੇ ਪੰਨੇ ਉਤੇ ਕਿਸੇ ਰਾਜਾ ਮਹਾ-ਰਾਜਾ ਦੇ ਨਾਮ ਦਾ ਸਮਰਪਨ ਪੱਤ੍ਰ ਨਹੀਂ ਮਿਲੇਗਾ। ਕਵੀ ਨੂੰ ਕੀ ਪ੍ਰਵਾਹ ਓਹ ਅਪਨੀ ਕਵਿਤਾ ਮਾਇਆ ਧਾਰੀ ਅੰਨਿਆਂ ਅਗੇ ਰੋਂਦਾ ਫਿਰੇ, ਏਹ ਅਸੰਭਵ। ਫੂਲ ਵਿਚ ਪ੍ਰਾਗ ਚਾਹੀਏ ਰਸਿਕ ਭਵਰ ਉਸ ਉਤੇ ਆਪ ਹੀ ਮੁਗਧ ਹੋ ਗੁਨ ਗੁਨਾਇਗਾ।

ਮਨ ਮੌਜੀ ਸ੍ਵਤੰਤ੍ਰ ਕਵੀ ਲੱਖਾਂ ਵਿਚੋਂ ਵਿਰਲਾ ਹੀ ਲਭੇਗਾ, ਜਿਥੇ ਕਿਥੇ ਖੁਸ਼ਾਮਦੀ ਨਜ਼ਰ ਔਣਗੇ। ਇਨ ਕਵਿਤਾ ਕਲੰਕੀਆਂ ਬਾਬਤ ਅਧਕ ਕੀ ਲਿਖਨਾਏ, ਹਾਂ ਇਕ ਦੋ ਉਦਾਹਰਨ ਉਹਨਾਂ ਸਤਿ ਕਵੀਆਂ ਦੇ ਉਚਾਰਨ ਦੇ ਜ਼ਰੂਰ ਦਿਆਂਗੇ ਜਿਨਾਂ ਨੇ ਸਤਿ ਨੂੰ ਹਥੋਂ ਨਹੀਂ ਛਡਿਆ ਅਤੇ ਵਕਤ ਦੇ ਜਰਵਾਣੇ ਬਾਦਸ਼ਾਹ ਸੌਹੇਂ ਵੀ ਸੱਚ ਬੋਲਨੋ ਨਹੀਂ ਝਿਜਕੇ।

ਇਕ ਵਾਰੀ ਦੀ ਗਲ ਏ ਕਿ ਔਰੰਗਜ਼ੇਬ ਨੇ ਕਵੀ ਭੂਸ਼ਣ ਜੀ ਨੂੰ ਆਪਣੀ ਗੁਨਾਵਲੀ ਸੁਨਾਣ ਲਈ ਕਿਹਾ। ਭੂਸ਼ਣ ਲਾਲਚੀ ਤੇ ਹੈਗੇ ਹੀ ਨਹੀਂ ਸਨ। ਉਹਨਾਂ ਦੀ ਨਸ ਨਸ ਵਿਚ ਦੇਸ਼ ਭਗਤੀ ਅਤੇ ਧਰਮ-ਵੀਰਤਾ ਦਾ ਰਕਤ ਬਹ ਰਿਹਾ ਸੀ। ਔਰੰਗਜ਼ੇਬ ਦੇ ਅਤਿਆਚਾਰ ਭੀ ਦੇਖੇ ਸੁਣੇ ਹੋਏ ਸਨ। ਅੱਜ ਅੱਛਾ ਮੌਕਾ ਮਿਲਿਆ। ਫੜਕ ਉਠੇ ਅਤੇ ਲਗੇ ਬਾਦਸ਼ਾਹ ਆਲਿਮਗੀਰ ਦਾ ਯੱਸ ਗਾਨ:—

ਹਾਥ ਤਸਬੀਹ ਲੀਏ ਪ੍ਰਾਤ ਉਠੇ ਬੰਦਗੀ ਕੋ,
ਆਪ ਹੀ, ਕਪਟ ਰੂਪ ਕਪਟ ਸੁ ਜਪਕੇ।
ਆਗਰੇ ਮੇਂ ਜਾਇ 'ਦਾਰਾ' ਚੌਕ ਮੇਂ ਚਿਰਾਇਦੀਨੋ,

ਛਤ੍ਰ ਹੂ ਛਿਨਾਯੋ ਮਾਨੋਂ ਮਰੇ ਬੂੜੇ ਬਪਕੇ।
ਕੀਨੋਂ ਹੈ ਸਗੋਤ ਘਾਤ ਸੋ ਮੈਂ ਨਾਹਿ ਕਹੋਂ ਫੇਰਿ,
ਪੀਲ ਪੈ ਤੋਰਾਯੋ ਚਾਰ ਚੁਗਲ ਕੇ ਗਪਕੇ।
'ਭੂਸ਼ਣ' ਭਨਤ ਛਰਛੰਦੀ ਮਤਿ ਮੰਦੀ ਮਹਾਂ,
ਸੌ ਸੌ ਚੂਹੇ ਖਾਇਕੈ ਬਿਲਾਰੀ ਬੈਠੀ ਤਪਕੇ।

ਅੱਛਾ ਗੁਨ ਗਾਨ ਹੋਯਾ ਬਾਦਸ਼ਾਹ ਮਾਰੇ ਗੁਸੇ ਦੇ ਆਪੇ ਤੋਂ ਬਾਹਰ ਹੋ ਗਏ ਭੂਸ਼ਨ ਉੱਤੇ ਖੂਬ ਡਾਂਟ ਪਾਈ ਪਰ ਸਚਾ ਔਜਸਵੀ ਕਵੀ ਧਮਕੀਆਂ ਤੋਂ ਕਦ ਡਰਦਾ ਏ ਉਸਨੂੰ ਲਾਲਚ ਕੇਹੜੀ ਗਲ ਦਾ ਸੀ? ਜਨਾਬ ਦੀ ਸੱਚੀ ਪੋਲ ਖੋਲ੍ਹ ਇਨਾਂ ਸਲਾਮ ਕੀਤੇ ਹੀ ਤੁਰਦੇ ਹੋਏ।

ਏਹ ਹਨ ਸਚੇ ਕਵੀਆਂ ਦੀਆਂ ਮਨ ਮੌਜਾਂ ਤੇ ਸ੍ਵੈ ਅਭਿ-ਮਾਨ ਇਸੇ ਤਰਾਂ ਕਵੀ ਗੰਗ ਨੂੰ ਇਕ ਵਾਰੀ ਔਰੰਗਜ਼ੇਬ ਨੇ ਇਕ ਦਿਨ ਏਹਨਾਂ ਦੀ ਕਵਿਤਾ ਸੁਨ ਪ੍ਰਸੰਨ ਹੋ ਇਕ ਹਥਨੀ ਇਨਾਮ ਵਿਚ ਬਖਸ਼ੀ ਹਥਨੀ ਬੁਢੀ ਸੀ ਗੰਗ ਮੋੜ ਤਾਂ ਸਕੇ ਨਾਂ ਪਰ ਮਜ਼ਾਕ ਨਾਲ ਬਾਦਸ਼ਾਹ ਨੂੰ ਕਹਿਣ ਲਗੇ।

ਤਿਮਰ ਲੰਗ ਲਈ ਮੋਲ ਚਲੀ ਬਾਬਰ ਦੇ ਹਲਕੇ।
ਰਹੀ ਹੁਮਾਯੂੰ ਸਾਥ ਗਈ ਅਕਬਰ ਕੇ ਦਲਕੇ।
ਜਹਾਂਗੀਰ ਜਸ ਲੀਯੋ ਪੀਠ ਕੋ ਭਾਰ ਛੁੜਾਯੋ।
ਸ਼ਾਹਜਹਾਂ ਕਰ ਨਿਆਇ ਤਾਹਾ ਕੋ ਮਾਂੜ ਚਟਾਯੋ।
ਬਲ ਰਹਿਤ ਭਈ ਪੌਰੁਸ਼ ਥਕਯੋ ਭਗੀ ਫਿਰਤ ਬਨ ਸਯਾਰ ਡਰ।
ਔਰੰਗਜ਼ੇਬ ਕਰਨੀ ਸੋਈ ਲੈ ਦੀਨੀ ਕਵੀ ਗੰਗ ਸਿਰ।

ਵਾਹ ਜੀ ਵਾਹ! ਇਕ ਹਥਨੀ ਦਾ ਮੁਗਲ ਖਾਨਦਾਨ ਨਾਲ ਚੰਗਾ ਸਬੰਧ ਜੋੜ ਦਰਸਾਯਾ। ਡਰੇ ਨਹੀਂ ਜੋ ਕੁਛ ਮੂੰਹ ਵਿਚ ਆਯਾ ਕਹਿ ਸੁਨਾਯਾ। ਕਿਸੇ ਦੁਨਿਆਵੀ ਤਾਕਿਤ ਤੋਂ ਨਹੀਂ

ਡਰੇ ਨਹੀਂ ਝਿਜਕੇ ॥

ਸ੍ਰੀਮਾਨ ਬਾਬਾ ਕਾਲਾ ਸਿੰਘ ਜੀ ਦੀ ਕਵਿਤਾ ਵਿਚ ਉਪ੍ਰੋਕਤ ਗੁਨ ਹਰ ਇਕ ਬੈਂਤ ਵਿੱਚ ਲਭਦਾਏ । ਅਜ ਜਿਸ ਕਵਿਤਾ ਦਾ ਅਸੀਂ ਜ਼ਿਕਰ ਕਰਨ ਲਗੇ ਹਾਂ, ਓਹ ਆਪ ਜੀ ਦੀ ਸਰਬ ਪ੍ਰਿਥਮ ਅਤੇ ਸਰਬ ਉਤਕ੍ਰਿਸ਼ਟ ਰਚਨਾ ਏ। ਕਵੀ ਜੀ ਨੇ ਇਸ ਦੀ ਰਚਨਾ ਸੰਨ ੧੯੨੮ ਬਿਕ੍ਰਮੀ ਵਾਲੀ ਮਲੇਰ ਕੋਟਲੇ ਦੀ ਸ਼ਹੀਦੀ ਘਟਨਾ ਦੇ ਅਧਾਰ ਤੇ ਬੈਂਤਾਂ ਵਿਚ ਕੀਤੀਏ। ਬੋਲੀ ਠੇਠ ਪੰਜਾਬੀ ਵਰਤੀਏ, ਪੈਂਤੀ ਅੱਖਰਾਂ ਦੇ ਕ੍ਰਮ ਨਾਲ ਸਾਰੇ ਪ੍ਰਸੰਗ ਨੂੰ ਪੂਰਾ ਕੀਤਾ ਏ। ਰਸ ਸਾਦਾ ਏ ਤੇ ਹੈ ਭਰਵਾਂ। ਅਸਰ ਕੀਤੇ ਬਿਨਾਂ ਨਹੀਂ ਰਹਿੰਦੀ। ਨਿਰਭੈਤਾ, ਤੇ ਸਚਾਈ ਹਰ ਤੁਕ ਵਿਚ ਕੁਟ ਕੁਟ ਕੇ ਭਰੀ ਏ। ਆਪ ਨੇ ਇਸਦੀ ਰਚਨਾ ਉਸ ਜ਼ਮਾਨੇ ਵਿਚ ਕੀਤੀਏ ਜਦੋਂ ਗੌਰਮਿੰਟ ਦਾ ਰਾਜ ਚੰਗੀ ਤਰਾਂ ਪੰਜਾਬ ਤੇ ਕਾਇਮ ਹੋ ਗਿਆ ਸੀ। ਅੰਗ੍ਰੇਜ਼ ਮਨ ਭਾਂਦਾ ਅਤਿਆਚਾਰ ਕਰਦੇ ਸਨ। ਕੋਈ ਚੂੰ ਤਕ ਨਹੀਂ ਸੀ ਕਰਦਾ। ਸਿੱਖ ਰਈਸਾਂ ਦੇ ਮੂੰਹੋਂ 'ਜੀ ਹਜ਼ੂਰ' ਤੋਂ ਬਿਨਾਂ ਦੂਜੀ ਗਲ ਨਹੀਂ ਸੀ ਨਿਕਲਦੀ। ਮਲੇਰ ਕੋਟਲੇ ਵਿਚ ੮੦ ਸਿੰਘ ਬਿਨਾਂ ਕਿਸੇ ਛਾਨ ਬੀਨ ਦੇ, ਮੁਕੱਦਮਾਂ ਚਲਾਏ ਤੋਂ ਬਿਨਾਂ ਹੀ ਸ਼ਹੀਦ ਕੀਤੇ ਜਾਂਦੇ ਹਨ। ਨਿਰਦੋਸ਼ ਤੋਪਾਂ ਅਗੇ ਉਡਾਇ ਜਾਂਦੇ ਅਤੇ ਫਾਂਸੀ ਤੇ ਲਟਕਾਇ ਜਾਂਦੇ ਹਨ। ਕਿਸੇ ਸਿਖ ਸ੍ਰਦਾਰ ਨੇ ਉਜ਼ਰ ਤੇ ਅਗੋਂ ਕੀ ਕਰਨਾ ਸੀ ਸਗੋਂ ਸ਼ਹੀਦ ਕਰਨ ਲਈ ਤੋਪਾਂ ਅਤੇ ਫੌਜ 'ਮਹਾਰਾਜਾ ਪਟਿਆਲਾ' ਘਲਦਾ ਏ। ਦੇਸ਼ ਦੇ ਆਗੂ ਆਪਣੀਆਂ ਰੰਗ ਰਲੀਆਂ ਵਿਚ ਮਸਤ ਸਨ ਅਖਬਾਰਾਂ ਵਾਲੇ ਚੁਪ ਸਨ। ਜਿਵੇਂ ਕਿਤੇ ਕੋਈ ਗਲ ਹੋਈ ਹੀ ਨਹੀਂ ਹਾਂ ਜੇ ਕਿਸੇ ਨੇ

ਹਾਹ ਦਾ ਨਾਹਰਾ ਮਾਰਿਆ ਓਹ ਕਲਕੱਤੇ ਦਾ ਇਕਲੌਤਾ ਅੰਮ੍ਰਤ ਬਾਜ਼ਾਰ ਪੱਤ੍ਰਕਾ ਹੀ ਸੀ। ਜਿਸਦੇ ਸਯੋਗ ਲੇਖਕ ਪ੍ਰਸਿੱਧ ਦੇਸ਼ ਭਗਤ ਬਾਬੂ ਮੋਤੀਲਾਲ ਜੀ ਘੋਸ਼ ਸਨ। ਅਜੇਹੇ ਸਮੇਂ ਵਿਚ ਕਿਸੇ ਸੱਚੀ ਗੱਲ ਨੂੰ ਲਿਖਣਾ ਏਹ ਬਾਬਾ ਕਾਲਾ ਸਿੰਘ ਜੀ ਦਾ ਹੀ ਹੌਂਸਲਾ ਸੀ। ਜਦ ਕਿ ਕਦਮ ਕਦਮ ਉਤੇ ਜਾਨ ਦੇ ਧੋਖੇ ਸਨ।

ਢੇਰ ਚਿਰ ਹੋਯਾ, ਸਾਡੀ ਸੁਰਤ ਤੋਂ ਪਹਿਲਾਂ ਹੀ ਬਾਬਾ ਜੀ ਨੇ ਉਪ੍ਰੋਕਤਾ ਕਵਿਤਾ (ਪੈਂਤੀ ਅੱਖਰੀਂ) ਪ੍ਰਕਾਸ਼ਤ ਕਰ-ਵਾਈ ਸੀ ਉਸ ਵੇਲੇ ਇਸਦਾ ਚੰਗਾ ਅਸਰ ਹੋਇਆ। ਮੈਨੂੰ ਉਸ ਕਾਪੀ ਦੇ ਦਰਸ਼ਨ ਨਹੀਂ ਹੋਏ ਹਾਂ ਕਦੀ ਕਦੀ ਪੂਜ ਮਾਮਾ ਸੱਜ਼ਾ ਸਿੰਘ ਜੀ ਅਤੇ ਸੰਤ ਮਸਤਾਨ ਸਿੰਘ ਜੀ ਰਾਇ-ਸਰ ਵਾਲਿਆਂ ਤੋਂ ਏਹ ਸ਼ਬਦ ਡਾਢੇ ਰੰਗ ਵਿਚ ਪੜ੍ਹਦਿਆਂ (ਗੌਂਦਿਆਂ) ਸੁਨਣ ਦਾ ਅਵਕਾਸ਼ ਪ੍ਰਾਪਤ ਹੋਇਆ। ਆਪ ਪੜ੍ਹਦੇ ਵੈਰਾਗੀ ਹੋ ਜਾਇਆ ਕਰਦੇ ਸਨ!

ਓਹ ਪੈਂਤੀਸ ਅੱਖਰੀ ਦਾ ਪਹਿਲਾ ਬੈਂਤ ਹੈ ਜੋ ਏਹ ਸੀ:—

ਸਤਿਗੁਰੂ ਸਚੇ ਅਗੇ ਅਰਜ਼ ਮੇਰੀ,
ਸੁਨਣਹਾਰ ਕਰਤਾਰ ਗੋਵਿੰਦ ਹੈਂ ਤੂੰ।
ਤੂਹੀਂ ਮਾਣਸਾਂ ਤੇ ਗੁਰੂ ਦੇਵ ਕੀਤੇ,
ਸੰਤ ਖਾਲਸਾ ਪੰਥ ਕਰਿੰਦ ਹੈਂ ਤੂੰ।
ਤੂਹੀ ਕੋਟਲੇ ਦੇ ਵਿੱਚ ਖੇਲ ਕੀਤਾ,
ਕਰਨਹਾਰ ਅਪਾਰ ਗੁਵਿੰਦ ਹੈ ਤੂੰ।
ਅਰਜ਼ ਖਾਲਸੇ ਦੀ ਗੁਰੂ ਰਾਮ ਸਿੰਘਾ,
ਸਰਨ ਪਿਆਂ ਦੀ ਲਾਜ ਰਖਿੰਦ ਹੈ ਤੂੰ।

ਆਪ ਇਸਨੂੰ ਕੀਰਤਨ ਅਰੰਭ ਕਰਨ ਤੋਂ ਪਹਿਲਾਂ ਮੰਗਲ ਕੇਰਨ ਲਈ ਗਾਯਾ ਕਰਦੇ ਹਨ। ਜਿਸ ਦੀ ਮਿਠੀ ਭਰਵੀਂ

ਤੇ ਵੈਰਾਗ ਮਈ ਏਹ ਲੈ ਸੀ:—

ਸ਼ਰਨ ਪਿਆਂ ਦੀ, ਸ਼ਰਨ ਪਿਆਂ ਦੀ ਲਾਜ ਰਖਿੰਦ ਹੈ ਤੂੰ ।

ਸੁਣਨ ਵਾਲਿਆਂ ਤੇ ਇਸਦਾ ਜੋ ਅਸਰ ਹੁੰਦਾ ਓਹ ਅਕੱਥ ਹੈ। ਉਸਨੂੰ ਓਹੀ ਸਜਨ ਅਨੁਭਵ ਕਰ ਸਕਦੇ ਹਨ ਜਿਨ੍ਹਾਂ ਨੇ ਸੰਤ ਮਸਤਾਨ ਸਿੰਘ ਜੀ ਦਾ ਕੀਰਤਨ ਸੁਣਿਆ ਹੈ।

ਡਾਢੀ ਖੁਸ਼ੀ ਦੀ ਗੱਲ ਏ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਨਿਜੀ ਪੁਸਤਕਾਲਯ ਵਿਚੋਂ ਇਕ ਹਸਤ ਲਿਖਤ ਕਾਪੀ ਦਾਸ ਨੂੰ ਪੜ੍ਹਨ ਲਈ ਪ੍ਰਦਾਨ ਕੀਤੀ ਅਤੇ ਨਾਲ ਹੀ ਇਹ ਸਤ੍ਰਾਂ ਲਿਖਣ ਦੀ ਆਗਯਾ ਕੀਤੀ।

ਮੈਂ ਜਿਥੋਂ ਤੀਕ ਇਸ ਪੁਸਤਕ ਨੂੰ ਪੜਿਆ ਏ ਮੈਨੂੰ ਤੇ ਇਸਦੇ ਹਰਇਕ ਬੈਂਤ ਵਿਚੋਂ ਦਲੇਰੀ ਤੇ ਸਚਾਈ ਟਪਕਦੀ ਪਈ ਦਿਸਦੀਏ, ਕਈ ਬੈਂਤ ਤੇ ਅਜੇਹੇ ਹਨ ਜਿਨ੍ਹਾਂ ਨੂੰ ਪੜ੍ਹਦਿਆਂ ਹੀ ਰਹਿਣ ਲਈ ਜੀ ਕਰਦਾ ਏ।

ਆਪ ਲਿਖਦੇ ਹਨ:—

ਖੱਖਾ ਖਾਲਸੇ ਬੈਠ ਸਲਾਹ ਕੀਤੀ,
ਲਿਖਣ ਚਿੱਠੀਆਂ ਨਾਲ ਵਧਾਈਆਂ ਦੇ।
ਅਸੀਂ ਧਰਮ ਉਤੇ ਤੇਗ਼ ਚੱਕਣੀ ਹੈ,
ਧਰਮ ਰਖਦੇ ਨੇ ਪੁਤ੍ਰ ਮਾਈਆਂ ਦੇ।
ਹਿੰਦੂ ਕੋਈ ਨ ਏਸ ਵਿਚ ਦਖ਼ਲ ਦੇਵੇ,
ਅਸੀਂ ਕੱਟਣੇ ਮੂੰਡ ਕਸਾਈਆਂ ਦੇ।
ਜਿਥੇ ਸਿੰਘ ਸਰਦਾਰ ਜਗੀਰ ਵਾਲੇ,
ਓਥੇ ਚਿੱਠੀਆਂ ਲਿਖ ਪੁਚਾਈਆਂ ਦੇ।

ਵਾਹ ਜੀ ਵਾਹ ! 'ਧਰਮ ਰਖਦੇ ਨੇ ਪੁਤ੍ਰ ਮਾਈਆਂ ਦੇ' ਏਹ ਚੀਨੀ ਵਾਲੇ ਸਤਿਗੁਰੂ ਦੇ ਹੀ ਹੌਸਲੇ ਸਨ ਕਿ ਧਰਮ ਪਿਛੇ ਸ਼ਹੀਦ ਹੋਣ ਲਈ ਵਧਾਈ ਭਰੀਆਂ ਚਿੱਠੀਆਂ

ਲਿਖੀਆਂ ਤਦੇ ਤੇ ਗਿਆਨੀ ਗਿਆਨ ਸਿੰਘ ਜੀ ਏਹਨਾਂ ਦੇ ਹੌਸਲੇ ਦੀ ਸ਼ਲਾਘਾ ਕਰਦੇ ਨਹੀਂ ਰੱਜੇ:–

ਕੂਕੇ ਸਿੰਘ ਸਾਠ ਕੋ ਨੈ ਠਾਨ ਕੈ ਮਰਨ ਨਿਜ,
ਮਾਰਕੇ ਕਸਾਈਆਂ ਨੂੰ ਗਾਈਆਂ ਬਚਾਈਆਂ।
ਕੋਟਲੇ ਕੀ ਤੁਰਕਾਨੀ ਤੇ ਪਠਾਨੀ ਫੌਜ ਸਭ,
ਸਿੰਘਨ ਸੈ ਲਰੀ ਇਨੈ ਮਾਰਕੈ ਹਟਾਈਆਂ।
ਫੌਜ ਪਟਿਆਲੇ ਕੀ ਬਿਸਾਲੇ ਜਾਇ ਦਗੈ ਸੰਗ,
ਕਸਮੈਂ ਦਿਵਾਇ ਲਿਆਇ ਦੀਏ ਪਕਰਾਈਆਂ।
ਉਡੇ ਸੋਊ ਤੋਪੋਂ ਆਗੇ ਅਨੁਰਾਗੇ ਸ਼ਬਦੋਂ ਮੇਂ,
ਖੁਸ਼ੀ ਹੋਇ ਵਡਭਾਗੇ ਧਰਮ ਹਿਤਾਈਆਂ।

ਗਲ ਕੀ ਪੈਂਤੀ ਅੱਖਰੀ ਦੀ ਇਕ ਇਕ ਪੰਗਤੀ ਏਸ ਯੋਗ ਹੈ ਕਿ ਉਸਨੂੰ ਨਾਮਧਾਰੀ ਪੰਥ ਦਾ ਬੱਚਾ ਬੱਚਾ ਯਾਦ ਕਰੇ ਬਹੁਤੀ ਤਾਰੀਫ਼ ਦੀ ਕੋਈ ਲੋੜ ਨਹੀਂ। ਪੁਸਤਕ ਆਪਦੇ ਸਾਹਮਣੇ ਹੈ। ਮੇਰੇ ਕਹਿਣ ਦੀ ਕੁਝ ਅਵਸ਼ਕਤਾ ਨਹੀਂ, ਕਵਿਤਾ ਆਪ ਤੋਂ ਆਪ ਰਚਯਿਤ ਦੀ ਪ੍ਰਸ਼ੰਸਾ ਕਰਾ ਲਏਗੀ।

ਹੋ ਸਕਿਆ ਤਾਂ ਭਾਈ ਚੰਦਾ ਸਿੰਘ ਜੀ ਤੇ ਭਾਈ ਨਿਹਾਲ ਸਿੰਘ ਜੀ ਦਾ ਬਾਰਾਂਮਾਹ ਵੀ ਸ਼ੀਘ੍ਰ ਹੀ ਇਸੇ ਰੂਪ ਵਿਚ ਪ੍ਰਸਤੁਤ ਕਰਾਂਗਾ, ਏਹ ਗੱਲ ਪਾਠਕਾਂ ਦੀ ਕਿਰਪਾ ਉਤੇ ਹੀ ਨਿਰਭਰ ਹੈ। ਅੰਤ ਬਾਬਾ ਜੀ ਦੀ ਇਕ ਤੁਕ "ਅਰਜ਼ ਖਾਲਸੇ ਦੀ ਗੁਰੂ ਰਾਮ ਸਿੰਘਾ, ਸ਼ਰਨ ਪਿਆਂ ਦੀ ਲਾਜ ਰਖਿੰਦ ਹੈਂ ਤੂੰ" ਲਿਖ ਕੇ ਸਮਾਪਤ ਕਰਦਾ ਹਾਂ।

ਸ੍ਰੀ ਭੈਣੀ ਸਾਹਿਬ
ਜ਼ਿਲਾ ਲੁਦਿਹਾਨਾ
੨੨ ਵੈਸਾਖ ੧੯੯੫

ਦਾਸ:–
ਇੰਦੂ ਸਿੰਘ "ਚੱਕ੍ਰਵਰਤੀ"

ੴ ਸਤਿਗੁਰ ਪ੍ਰਸਾਦਿ।

ਪੈਂਤੀਸ ਅੱਖਰੀ

ਸਤਿਗੁਰੂ ਸਚੇ ਅਗੇ ਅਰਜ਼ ਮੇਰੀ,
ਸੁਣਨ ਹਾਰ ਕਰਤਾਰ ਗੋਵਿੰਦ ਹੈਂ ਤੂੰ।
ਤੂਹੀਂ ਮਾਣਸਾਂ ਤੇ ਗੁਰੂ ਦੇਵ ਕੀਤੇ,
ਸੰਤ ਖਾਲਸਾ ਪੰਥ ਕਰਿੰਦ ਹੈਂ ਤੂੰ।
ਤੂੰਹੀਂ ਕੋਟਲੇ ਦੇ ਵਿਚ ਖੇਲ ਕੀਤਾ,
ਕਰਨਹਾਰ ਅਪਾਰ ਗੋਵਿੰਦ ਹੈਂ ਤੂੰ।
ਅਰਜ਼ ਖਾਲਸੇ ਦੀ ਗੁਰੂ ਰਾਮ ਸਿੰਘਾ,
ਸਰਨ ਪਿਆਂ ਦੀ ਲਾਜ ਰਖਿੰਦ ਹੈਂ ਤੂੰ।

—o—

ਓਅੰਕਾਰ ਤੇ ਵਾਹਿਗੁਰੂ ਨਾਮ ਤੇਰਾ,
ਪਹਿਲੇ ਗੁਰੂ ਨੇ ਜਾਪ ਜਪਾਇਆ ਹੈ।
ਅੰਗਦ ਅਮਰ ਰਾਮਦਾਸ ਤੇ ਆਦਿ ਸੁਣਕੇ,
ਅਰਜਨ ਹਰੀ ਗੋਬਿੰਦ ਨੇ ਗਾਇਆ ਹੈ।
ਹਰੀਰਾਇ ਤੇ ਕ੍ਰਿਸ਼ਨ ਜੋ ਗੁਰੂ ਨੌਮੇ,
ਦਸਮ ਗੁਰੂ ਨੂੰ ਫੇਰ ਸੁਣਾਇਆ ਹੈ।
ਗੁਰੂ ਆਪਣਾ ਨਾਮ ਸੁਣਾਇਕੇ ਜੀ,
ਸੰਤ ਖਾਲਸਾ ਪੰਥ ਚਲਾਇਆ ਹੈ।

ਅਗੇ ਗੁਰੂ ਬਾਬਾ ਬਾਲਕ ਸਿੰਘ ਸਿਮਰੋ,
ਜਿਹੜਾ ਗਿਯਾਰਮਾ ਗੁਰੂ ਜ਼ਰੂਰ ਹੋਇਆ।
ਗੁਰੂ ਬਾਰ੍ਹਮਾਂ ਹੈ ਰਾਮ ਸਿੰਘ ਸੋਈ,
ਜੀ ਦੇ ਖਾਲਸਾ ਪੰਥ ਹਜ਼ੂਰ ਹੋਇਆ।
ਹਰੀ ਸਿੰਘ ਬਖਸ਼ੇ ਗੁਰੂ ਖਾਲਸੇ ਨੂੰ,
ਜੇਹੜਾ ਵਿਚ ਦ੍ਰਗਾਹਿ ਮਨਜ਼ੂਰ ਹੋਇਆ।
ਗੁਰੂ ਵਿਚ ਪੰਜਾਬ ਮਕਾਨ ਕੀਤਾ,
ਦੁਖ ਦਰਦ ਜਹਾਨ ਦਾ ਦੂਰ ਹੋਇਆ।
ਇਕ ਨਗਰ ਭੈਣੀ ਸਾਹਿਬ ਸਤਿਗੁਰਾਂ ਦਾ,
ਜਿਥੋਂ ਖਾਲਸਾ ਪੰਥ ਅਟੱਲ ਹੋਸੀ।
ਹਿੰਦੂ ਤੁਰਕ ਤੇ ਖਾਲਸਾ ਪੰਥ ਕੀਤਾ,
ਵਡਾ ਕੌਮ ਮਲੇਛ ਨੂੰ ਸੱਲ ਹੋਸੀ।
ਮਦਤ ਗਊ ਦੀ ਹੈ ਬੈਰੀ ਬੁਚੜਾਂ ਦਾ,
ਸਚੇ ਖੰਡ ਤੇ ਖਾਲਸਾ ਘੱਲ ਹੋਸੀ।
ਤੁਰਕ ਰੜਕ ਦੇ ਨੇਤ੍ਰੀਂ ਮਿਰਚ ਵਾਂਗੂੰ,
ਦਰਦ ਗਊ ਦਾ ਨਾ ਜਦੋਂ ਝੱਲ ਹੋਸੀ।
ਸੱਸਾ ਸਤਿਗੁਰੂ ਸਚੇ ਦਾ ਜਾਪ ਕਰੀਏ,
ਦੁਖ ਦੂਰ ਹੋਵੇ ਜਿਸਦੀ ਦ੍ਰਿਸਟਿ ਕੀਤੇ।
ਕਰੋ ਬੰਦਗੀ ਧਰਮ ਦੀ ਤੇਗ ਚੱਕੇ,
ਇਹਨਾਂ ਬੁਚੜਾਂ ਲੋਕ ਭਰਿਸ਼ਟ ਕੀਤੇ।
ਧਰਮ ਹਿੰਦ ਪੰਜਾਬ ਦਾ ਦੂਰ ਕਰਿਆ,
ਤੁਰਕਾਂ ਹਿੰਦੂਆਂ ਦੇ ਧਰਮ ਨਿਸ਼ਟ ਕੀਤੇ।

ਰਾਮ ਸਿੰਘ ਸਤਿਗੁਰੂ ਦਾ ਜਾਪ ਕਰੀਏ,
ਬੇੜਾ ਪਾਰ ਹੋਵੇ ਜਿਦੀ ਦਿਸ਼ਟਿ ਕੀਤੇ।
ਹਾਹਾ ਹਦ ਮਲੇਛ ਨੇ ਤੋੜ ਦਿਤੀ,
ਸੰਤ ਖਾਲਸੇ ਨੂੰ ਵਡੀ ਰੋਸ ਹੋਈ।
ਲਹਿਣਾ ਸਿੰਘ ਹੀਰਾ ਸਿੰਘ ਸੂਰਮੇ ਜੋ,
ਵਡੀ ਧਰਮ ਦੀ ਜਿਨ੍ਹਾਂ ਨੂੰ ਹੋਸ਼ ਹੋਈ।
ਛੁਰੀ ਗਊ ਉਤੇ ਵਗੇ ਖਾਲਸਾ ਜੀ,
ਹਿੰਦੂ ਕਰੇ ਨਾਹੀਂ ਅਫ਼ਸੋਸ ਕੋਈ।
ਭੰਨੇ ਠੀਕਰਾ ਤੁਰਕ ਦੇ ਬਾਰ ਜਾਕੇ,
ਸਾਨੂੰ ਮਰਦਿਆਂ ਨੂੰ ਨਹੀਂ ਦੋਸ਼ ਕੋਈ।
ਕੱਕਾ ਕੋਟਲੇ ਦਾ ਬੇਈਮਾਨ ਕਾਜੀ,
ਗੁਰਮੁਖ ਸਿੰਘ ਫਰਵਾਹੀ ਦਾ ਪੇਂਚ ਭਾਰੀ।
ਬਢੀ ਖੋਰ ਪਠਾਣਾ ਦਾ ਚੋਰ ਕਾਜੀ,
ਝੂਠੇ ਆਦਮੀ ਦੀ ਕਰੇ ਬਾਤ ਸਾਰੀ।
ਗੁਰਮੁਖ ਸਿੰਘ ਨੇ ਆਖਿਆ ਸੁਣੀ ਮੀਆਂ,
ਤੈਨੂੰ ਹੋਊ ਦਰਗਾਹ ਦੀ ਦੇਣਦਾਰੀ।
ਕਾਜੀ ਦੇਤ ਗਾਲਾਂ ਸੰਤ ਖਾਲਸੇ ਨੂੰ,
ਸਿੰਘ ਕੋਟਲੇ ਜਾਣ ਦੀ ਕਰੀ ਤਿਆਰੀ।
ਪਹਿਲੇ ਮਾਰ ਕਾਜੀ ਮਾਰੋ ਬੁਚੜਾਂ ਨੂੰ,
ਧਰਮ ਹੇਤ ਮਰਨਾ ਮਰੋ ਇਕ ਵਾਰੀ।
ਖੱਖਾ ਖਾਲਸੇ ਬੈਠ ਸਲਾਹਿ ਕੀਤੀ,
ਲਿਖਣ ਚਿੱਠੀਆਂ ਨਾਲ ਵਧਾਈਆਂ ਦੇ।

ਅਸੀਂ ਧਰਮ ਉਤੇ ਤੇਗ ਚਕਣੀ ਹੈ,
ਧਰਮ ਰਖਦੇ ਨੇ ਪੁਤ੍ਰ ਮਾਈਆਂ ਦੇ।
ਹਿੰਦੂ ਕੋਈ ਨਾ ਏਸ ਵਿਚ ਦਖ਼ਲ ਦੇਵੇ,
ਅਸੀਂ ਕਟਣੇ ਮੂੰਡ ਕਸਾਈਆਂ ਦੇ।
ਜਹਾਂ ਸਿੰਘ ਸ੍ਰਦਾਰ ਜਗੀਰ ਵਾਲੇ,
ਤਹਾਂ ਚਿੱਠੀਆਂ ਲਿਖ ਪੁਚਾਈਆਂ ਦੇ।
ਗੱਗਾ ਗੁਰੂ ਸਚੇ ਅਗੇ ਜਾਇਕੇ ਜੀ,
ਸੰਤ ਖਾਲਸੇ ਦੀ ਪਹਿਲੀ ਅਰਜ਼ ਹੋਈ।
ਹੁਕਮ ਹੋਵੇ ਤਾਂ ਧਰਮ ਦੀ ਤੇਗ਼ ਫੜੀਏ,
ਬੂਚੜ ਮਾਰਨੇ ਦੀ ਵਡੀ ਗਰਜ਼ ਹੋਈ।
ਧਰਮ ਹਿੰਦ ਪੰਜਾਬ ਦਾ ਨਿਸ਼ਟ ਕੀਤਾ,
ਅਸੀਂ ਸੋਚੀਏ ਬਾਤ ਅਚਰਜ ਹੋਈ।
ਮਿਹਰਵਾਨਗੀ ਦੇ ਨਾਲ ਹੁਕਮ ਦੇਵੋ,
ਮਹਾਰਾਜ ਜੀ ਨਾ ਸਾਨੂੰ ਬਰਜਿਓ ਈ।
ਘੱਘਾ ਘੂਰ ਆਖੇ ਗੁਰੂ ਬਾਬਿਆਂ ਨੂੰ,
ਸੰਤ ਖਾਲਸੇ ਨੂੰ ਦੇਵੇ ਤੋਰ ਭਾਈ।
ਜੇਹੜੇ ਕਰਨ ਸੋਈ ਭਰਨ ਖਾਲਸਾ ਜੀ,
ਤੁਸੀਂ ਕਰੋ ਨਾਂ ਕਿਸੇ ਦਾ ਸ਼ੋਰ ਭਾਈ।
ਅਜੇ ਬਖ਼ਤ ਨਾਹੀਂ ਸੰਤ ਖਾਲਸੇ ਦਾ,
ਹੈਸੀ ਕੌਮ ਮਲੇਛ ਦਾ ਜੋਰ ਭਾਈ।
ਸਤਿਗੁਰੂ ਆਖਣ ਸੰਤ ਖਾਲਸੇ ਨੂੰ,
ਕੋਈ ਛੇੜ ਨਾ ਛੇੜਿਓ ਹੋਰ ਭਾਈ।

ਙੰਙਾ ਙੂਰੂ ਅਗੇ ਸਿੰਘਾਂ ਅਰਜ਼ ਕੀਤੀ,
ਖੁਸ਼ੀ ਹੋਇਕੇ ਹੁਕਮ ਸੁਣਾਇ ਸਾਨੂੰ।
ਗੋਲਾ ਦਾਰੂ ਦਾ ਸਿੱਟਕੇ ਤ੍ਰੈਨ ਬਾਣੀ,
ਦਿੱਤੀ ਅੱਗ ਅਗੰਮ ਦੀ ਲਾਇ ਸਾਨੂੰ।
ਜਨਮ ਜਨਮ ਦੇ ਵਿਛੜੇ ਮੇਲ ਦਿਤੇ,
ਚਾਰ ਅੱਖਰ ਦਾ ਸ਼ਬਦ ਸੁਣਾਇ ਸਾਨੂੰ।
ਕਾਲਾ ਸਿੰਘ ਕੀਤੀ ਅਰਜ਼ ਖਾਲਸੇ ਨੇ,
ਖੁਸ਼ੀ ਹੋਇਕੇ ਬਖਸ਼ ਰਜਾਇ ਸਾਨੂੰ।
ਚੱਚਾ ਚੁਪ ਹੋਏ ਅਗੋਂ ਸਿੰਘ ਸਾਰੇ,
ਗੁਰੂ ਦੂਸਰਾ ਹੁਕਮ ਸੁਣਾਇ ਦਿੱਤਾ।
ਐਸ ਬਖਤ ਕਬਖਤ ਈ ਛੇੜ ਛੇੜੋਂ,
ਤੁਸੀਂ ਸਿੰਘ ਜੀ ਕੰਮ ਬਧਾਇ ਦਿੱਤਾ।
ਸਾਰੇ ਖਾਲਸੇ ਉਠਕੇ ਅਰਜ਼ ਕੀਤੀ,
ਤੁਰਕਾਂ ਹਿੰਦੂ ਦਾ ਧਰਮ ਗਵਾਇ ਦਿੱਤਾ।
ਨੌਮੇ ਗੁਰੂ ਨੇ ਸੀਸ ਲਗਾਇ ਦਿਲੀ,
ਧਰਮ ਹਿੰਦੂ ਦਾ ਫੇਰ ਰਖਾਇ ਦਿੱਤਾ।
ਛੱਛਾ ਛੇਤੀਆਂ ਕੀਤੀਆਂ ਖਾਲਸੇ ਨੇ,
ਮਹਾਰਾਜ ਦਾ ਇਕ ਕਰਾਰ ਹੋਇਆ।
ਜੇਹੜਾ ਹੁਕਮ ਅਕਾਲ ਦਾ ਕਰੇ ਸੋਈ,
ਬਚਨ ਸਤਿਗੁਰਾਂ ਦਾ ਤੀਜੀਵਾਰ ਹੋਇਆ।
ਦਸਮੇਂ ਪਾਤਸ਼ਾਹ ਨੇ ਜੇਹੜਾ ਲਿਖਿਆ ਸੀ,
ਬਚਨ ਅੱਸੀਆਂ ਸਿੰਘਾਂ ਦਾ ਪਾਰ ਹੋਇਆ।

ਮਹਾਰਾਜ ਦੇ ਹਥ ਹੈ ਡੋਰ ਸਾਡੀ,
ਸੰਤ ਖਾਲਸਾ ਸਭ ਤਿਆਰ ਹੋਇਆ।
ਜੱਜਾ ਜਿਗਰ ਕਰਕੇ ਹੀਰਾ ਸਿੰਘ ਆਖੇ,
ਮਹਾਰਾਜ ਜੀ ਧਰਮ ਦਾ ਹੱਕ ਹੋਵੇ।
ਕਦੋਂ ਗੁਰੂ ਜੀ ਧਰਮ ਦੀ ਕਾਰ ਚਲੇ,
ਕਦੋਂ ਗਊ ਉੱਤੋਂ ਛੁਰੀ ਚੱਕ ਹੋਵੇ।
ਮਰੇ ਬਾਝ ਨ ਧਰਮ ਦੀ ਕਾਰ ਚਲੇ,
ਭਲਾ ਗਊ ਦਾ ਮੂਲ ਨਾ ਕੱਖ ਹੋਵੇ।
ਮਿਲੇ ਸਰਬ ਮਲੇਛ ਨ ਰਹੇ ਕੋਈ,
ਤਾਂਹੀ ਧਰਮ ਦੀ ਚਾਲ ਪਰੱਖ ਹੋਵੇ।
ਝਝਾ ਝੁੰਡ ਸੀ ਸਿੰਘਾਂ ਦਾ ਬਹੁਤ ਭਾਰਾ,
ਦਸਬੀਸ ਹਜ਼ਾਰ ਜੋ ਦਾਨਿਆਂ ਦਾ।
ਪੂਰਾ ਸੱਤ ਬੀਹਾਂ ਸਿੰਘ ਅੱਡ ਹੋਇਆ,
ਜੇਹੜਾ ਪੰਥ ਸੀ ਵਿਚ ਦਿਵਾਨਿਆਂ ਦਾ।
ਰੀਠੇ ਘੋਟ ਕੇ ਦੇਗ ਤਿਆਰ ਕੀਤੀ,
ਹੋਕਾ ਹੋਇਆ ਸੀ ਫੇਰ ਮਸਤਾਨਿਆਂ ਦਾ।
ਚੜ੍ਹੇ ਧਰਮ ਸ਼ਹੀਦ ਜਹਾਜ਼ ਉਤੇ,
ਨਹੀਂ ਕੰਮ ਇਹ ਕੁਝ ਬਹਾਨਿਆਂ ਦਾ।
ਢੰਢਾ ਢਾਇ ਕੇ ਤੇ ਸਚੇ ਗੁਰੂ ਕੋਲੋਂ,
ਹਥ ਜੋੜ ਸਾਰੇ ਖੁਸ਼ੀ ਮੰਗਦੇ ਜੀ।
ਹੁਕਮ ਹੋਵੇ ਤਾਂ ਧਰਮ ਦੀ ਤੇਗ ਫੜੀਏ,
ਸਿੰਘ ਮਰਨ ਤੇ ਮੂਲ ਨ ਸੰਗਦੇ ਜੀ।

ਸਤਿ ਸ੍ਰੀ ਅਕਾਲ ਬੁਲਾਉਣ ਸਾਰੇ,
ਕਮਰ ਕੱਸੇ ਲਗਾਇਕੇ ਜੰਗ ਦੇ ਜੀ।
ਭੈਣੀ ਸਾਹਿਬ ਤੇ ਖਾਲਸਾ ਕੂਚ ਹੋਇਆ,
ਵਾਂਗ ਛੁਟਿਆ ਕਟਕ ਪਤੰਗ ਦੇ ਜੀ।
ਟੱਟਾ ਟੁਰੇ ਸਾਰੇ ਡੇਰਾ ਕੂਚ ਕੀਤਾ,
ਰਬੋਂ ਜਾਇ ਪਹੁੰਚੇ ਨਹੀਂ ਡੇਰ ਕੀਤੀ।
ਖੁਸ਼ੀ ਨਾਲ ਅਗੇ ਸਿਘਾਂ ਪ੍ਰਸ਼ਾਦ ਕੀਤਾ,
ਘੋਟ ਰੀਠੜੇ ਦੇਗ ਬਣਾਇ ਪੀਤੀ।
ਕਮਰ-ਕੱਸੇ ਲਾਏ ਸਿੰਘਾਂ ਕੋਟਲੇ ਨੂੰ,
ਹਥ ਜੋੜਕੇ ਤੇ ਅਰਦਾਸ ਕੀਤੀ।
ਸਚੇ ਪਾਤਸ਼ਾਹ ਗਊ ਦਾ ਭਲਾ ਹੋਵੇ,
ਅਗੇ ਸੁਣੋ ਜੋ ਖਾਲਸੇ ਨਾਲ ਬੀਤੀ।
ਠੱਠਾ ਠੌਰ ਤੱਕੀ, ਸਿੰਘਾਂ ਕੋਟਲੇ ਦੀ,
ਰਾਹਿ ਨਜ਼ਰ ਮਲੌਦ ਦੀ ਗਹਿਰ ਆਈ।
ਮਾਈ ਕਹੇ ਮਸਤਾਨੀ ਏਹ ਗਾਮ ਕੇਹੜਾ,
ਸਿੰਘ ਕਹਿਣ ਮਲੌਦ ਹੈ ਸ਼ਹਿਰ ਮਾਈ।
ਮਾਈ ਆਖਦੀ ਗੁਰੂ ਦਾ ਸਿੰਘ ਪਿਆਰਾ,
ਮਦਤ ਦੇਇ ਸਾਨੂੰ ਚਲੋ ਸ਼ਹਿਰ ਭਾਈ।
ਸਿੰਘ ਚਾਰ ਬੁਲਾਈ ਸੇ ਫਤੇ ਮਾਈ,
ਅਗੋਂ ਨਜ਼ਰ ਸ੍ਰਦਾਰ ਨੂੰ ਜ਼ਹਿਰ ਆਈ।
ਡੱਡਾ ਡਰੀਂ ਨਾਹੀਂ ਮਾਈ ਕਹੇ ਬੱਚਾ,
ਧਰਮ ਅਰਥ ਤੈਨੂੰ ਅਸੀਂ ਸੁਆਲ ਕੀਤਾ।

ਅਗੋਂ ਦੇਖ ਸੂਦਾਰ ਜਵਾਬ ਦਿਤਾ,
ਦੁਖੀ ਖਾਲਸਾ ਮੋੜ ਮੁਹਾਲ ਕੀਤਾ।
ਮਾਈ ਆਖਦੀ ਪੁਤ ਹੈ ਕੰਜਰੀ ਦਾ,
ਤਾਂਹੀਂ ਅਸਾਂ ਦਾ ਨਹੀਂ ਖਿਆਲ ਕੀਤਾ।
ਪਹਿਲੇ ਏਸ ਦੀ ਰੜਕ ਮੁਕਾਇ ਦੇਵੇ,
ਬਚਨ ਖਾਲਸੇ ਨੇ ਗੁਸੇ ਨਾਲ ਕੀਤਾ।
ਢਢਾ ਢਾਹਿ ਮਲਾਓਦ ਨੂੰ ਲਾਇ ਦਿੰਦੇ,
ਜਦੋਂ ਚਿੱਤ ਸੂਦਾਰ ਦੇ ਖੋਟ ਹੋਈ।
ਇਕ ਰੋਕ ਆਕੇ ਮੁਸਲਮਾਨ ਕੀਤੀ,
ਪਹਿਲੀ ਖਾਲਸੇ ਦੀ ਓਥੇ ਚੋਟ ਹੋਈ।
ਪਿਛੋਂ ਨਿਗਾ ਸੂਦਾਰ ਦੀ ਵਲ ਕੀਤੀ,
ਜਾਨ ਦੇਖਦੇ ਦੀ ਲੋਟ ਪੋਟ ਹੋਈ।
ਡਰਕੇ ਜਾਇ ਅੰਦਰ ਕਿਲੇ ਵਿਚ ਲੁਕਿਆ,
ਪਿਛੇ ਸ਼ਹਿਰ ਨੂੰ ਖੋਹ ਖਸੋਟ ਹੋਈ।
ਣਾਣਾ ਣੇਰੀਆ ਢਾਹਿ ਕੇ ਸਿੰਘ ਕਹਿੰਦੇ,
ਕਾਹਨੂੰ ਆਇ ਸੇ ਹਿੰਦ ਦੇ ਜ਼ੋਰ ਉਤੇ।
ਘੋੜੇ ਦੋਮੇ ਤਲਵਾਰ ਸੀ ਹਥ ਆਈ,
ਚਲੋ ਚਲੀਏ ਪੈਣ ਨ ਹੋਰ ਕੁੱਤੇ।
ਕਿਹਾ ਫੇਰ ਸੂਦਾਰ ਨੇ ਗੋਰਿਆਂ ਨੂੰ,
ਮੁੱਕੇ ਮਾਰਕੇ ਸਿੰਘ ਮੈਂ ਤੋਰ ਘੱਤੇ।
ਮੂਜੀ ਜਾਣ ਬਚਾਇ ਕੇ ਨੱਠ ਗਿਆ,
ਝੂਠ ਬੋਲਦਾ ਹੈ ਕੋਹੜੇ ਜ਼ੋਰ ਉਤੇ।

ਤੱਤਾ ਤੁਰੇ ਮਲੌਦ ਤੇ ਸਿੰਘ ਸਾਰੇ,
ਕਢਣ ਕਰਦ ਦੇ ਨਾਲ ਲਕੀਰ ਸੋਈ।
ਜਿਨ੍ਹਾਂ ਜਿੰਦ ਦੇਣੀ ਹੋਵੇ ਇਕ ਪਾਸੇ,
ਜਾਵੇ ਦੂਸਰਾ ਛਡ ਬਹੀਰ ਕੋਈ।
ਜਿਨ੍ਹਾਂ ਵੇਲੀਆਂ ਵੇਲ ਦੀ ਲਈ ਸਿੱਖੀ,
ਗਏ ਖਾਲਸੇ ਦਾ ਛਡ ਸੀਰ ਓਈ।
ਸਿੱਧਾ ਕੋਟਲੇ ਨੂੰ ਹੋਇਆ ਚਾਰ ਬੀਹਾਂ,
ਰਾਹੀਂ ਆਂਵਦਾ ਘੱਤ ਬਹੀਰ ਸੋਈ।
ਬੱਬਾ ਬਾਇ ਸਿੰਘਾਂ ਡੇਰਾ ਜਾਇ ਕੀਤਾ,
ਸੁੰਨਾ ਪਿਆ ਸੀ ਲਾਗ ਮਲੇਰ ਦੇ ਜੀ।
ਕਈ ਅੱਸੀਆਂ ਦੇ ਵਿਚੋਂ ਖਿਸਕ ਜਾਂਦੇ,
ਕਈ ਆਣ ਮਿਲਦੇ ਨਾਲ ਡੇਰ ਦੇ ਜੀ।
ਸਿੱਖ ਆਖਦੇ ਕੋਟਲਾ ਸ਼ਹਿਰ ਦੇਖੋ,
ਘੋੜੇ ਵਿੱਚ ਬਾਜ਼ਾਰ ਦੇ ਫੇਰਦੇ ਜੀ।
ਪਿਆ ਦਹਿਲ ਪਠਾਣਾਂ ਨੂੰ ਅਸੀਂ ਲੁਟੇ,
ਫੌਜ ਭਜ ਚੁਫੇਰਿਓਂ ਘੇਰਦੇ ਜੀ।
ਦੱਦਾ ਦਸਮੇਂ ਗੁਰੂ ਦਾ ਬਚਨ ਏਹੋ,
ਗੱਦੀ ਅਮਰ ਪਠਾਣਾਂ ਦਾ ਡਾਲ ਟੁੱਟੇ।
ਅਗੋਂ ਖਾਲਸੇ ਉੱਠਕੇ ਅਰਜ਼ ਕੀਤੀ,
ਗੁਰੂ ਤੁਰਕ ਦੇ ਬੀ ਨੂੰ ਗਾਲ ਸੁੱਟੇ।
ਜਾਮਾ ਬਾਰੁਮਾਂ ਧਾਰਕੇ ਠੱਗ ਲੀਤੇ,
ਦਸਮੇਂ ਗੁਰੂ ਨੇ ਅਕਲ ਦੇ ਨਾਲ ਲੁੱਟੇ।

ਪਹਿਲੇ ਛੇੜ ਪਠਾਣਾਂ ਨੇ ਆਣ ਛੇੜੀ,
ਪਿਛੋਂ ਸਿੰਘ ਨੇ ਬਾਜ ਦੀ ਚਾਲ ਛੁੱਟੇ।
ਧੱਧਾ ਧਮਕ ਦਿੱਤੀ ਪਹਿਲੀ ਖਾਲਸੇ ਨੇ,
ਤੁਰਕ ਹੋਇਕੇ ਪਤ੍ਰਾ ਉੱਡ ਚਲੇ।
ਤੋਬਾ ਕਰਨ ਖੁਦਾਇ ਦਾ ਵਾਸਤਾਈ,
ਲੁਕਣ ਦੇਣ ਨਾ ਮੂਲ ਜਮੀਨ ਝੱਲੇ।
ਹੀਰਾ ਸਿੰਘ ਨੇ ਆਖਿਆ ਖਾਲਸੇ ਨੂੰ,
ਬੀਜ ਤੁਰਕ ਦਾ ਚੁਗਣ ਨੂੰ ਸਿੰਘ ਘੱਲੇ।
ਤੁਸੀਂ ਖਾਲਸਾ ਜੀ ਖਬਰਦਾਰ ਹੋਵੋ,
ਨੌਮੇਂ ਗੁਰੂ ਨੇ ਰਖਿਆ ਧਰਮ ਪੱਲੇ।
ਨੱਨਾ ਨਾਸ ਮਲੇਛ ਦਾ ਬਹੁਤ ਕੀਤਾ,
ਬਚੇ ਇਕ੍ਰ ਮੂਰ੍ਹੇ ਬੀਸ ਨੱਠਕੇ ਜੀ।
ਕਿਸੇ ਕੋਲ ਛੌਹੀ ਸਫਾ ਜੰਗ ਚੱਕਰ,
ਕੋਈ ਮਾਰਦਾ ਹੈ ਮੁੱਕਾ ਬੱਟਕੇ ਜੀ।
ਕੋਈ ਮਾਰਦਾ ਡੋਲ ਉਭਾਰ ਕੇ ਤੇ,
ਕੋਈ ਸਿੱਟਦਾ ਤੁਰਕ ਨੂੰ ਫੱਟਕੇ ਜੀ।
ਮਦਤ ਕਰੀ ਮਲੇਛ ਦੀ ਹਿੰਦੂਆਂ ਨੇ,
ਸਿੰਘ ਬੀਜ ਦੇਂਦੇ ਨਹੀਂ ਪੱਟਕੇ ਜੀ।
ਪੱਪਾ ਪਾਰ ਹੋਏ ਜੂਹਿ ਕੋਟਲੇ ਦੀ,
ਪਿਛੋ ਫੌਜ ਪਠਾਣਾਂ ਦੀ ਮਗਰ ਹੋਈ।
ਕਿਸੇ ਕੋਲ ਸੇਲਾ ਤਲਵਾਰ ਨੇਜਾ,
ਮਦਤ ਤੁਰਕ ਮਲੇਛ ਦੀ ਜ਼ਬਰ ਹੋਈ।

ਇਕ ਤੁਰਕ ਨੂੰ ਹਥ ਦਿਖਾਲ ਦਿਤੇ,
ਹੀਰਾ ਸਿੰਘ ਤੋਂ ਤੁਰਕ ਦੀ ਅਜਰ ਹੋਈ।
ਕਾਲਾ ਸਿੰਘ ਦਿੱਤਾ ਜ਼ੋਰ ਖਾਲ਼ਸੇ ਨੇ,
ਤੁਰਕ ਨੱਠ ਆਏ ਸ਼ਹਿਰ ਖਬਰ ਹੋਈ।
ਫੱਫਾ ਫੌਜ ਸਾਰੀ ਸੰਤ ਖਾਲਸੇ ਦੀ,
ਰੜ ਚਲਕੇ ਤੇ ਛੇਤੀ ਨਾਲ ਆਈ।
ਹੋਈ ਮੁਕਬਰਾਂ ਨੂੰ ਖਬਰ ਖਾਲਸੇ ਨੇ,
ਕੀਤਾ ਬੁਰਾ ਪਠਾਣਾਂ ਦਾ ਹਾਲ ਭਾਈ।
ਬੇਈਮਾਨ ਚੰਡਾਲ ਦੀ ਤੁਖਮ ਆਖੇ,
ਫੜਾਂ ਖਾਲਸੇ ਨੂੰ ਧੋਖੇ ਨਾਲ ਜਾਈ।
ਲਵਾਂ ਜਾਇ ਇਨਾਮ ਫਰੰਗੀਆਂ ਤੇ,
ਰਾਜੇ ਦੇਣ ਮੈਨੂੰ ਧਨ ਮਾਲ ਕਾਈ।
ਬੱਬਾ ਬੰਦਗੀ ਕਰਨ ਸ਼ਹੀਦ ਸਾਰੇ,
ਰੜ ਵਿਚ ਸੇ ਗੁਰੂ ਦੇ ਸਿੰਘ ਚੰਗੇ।
ਓਸ ਨਗਰ ਸ਼ਹੀਦਾਂ ਦੀ ਠਹਿਰ ਭਾਰੀ,
ਸੋ ਭੀ ਆਪ ਸ਼ਹੀਦ ਸੇ ਨਾਮ ਰੰਗੇ।
ਦਿੱਤੀ ਮੁਕੱਬਰਾਂ ਨੇ ਖਬਰ ਸ਼ੇਰ ਪੁਰ ਨੂੰ,
ਸਿੰਘ ਕਰਨ ਸਰਕਾਰਾਂ ਦੇ ਨਾਲ ਦੰਗੇ।
ਠਾਣੇਦਾਰ ਦੇ ਬਾਤ ਨਾ ਚਿੱਤ ਲਗੇ,
ਬੇਈਮਾਨ ਨਾ ਬੋਲਣੋਂ ਮੂਲ ਸੰਗੇ।
ਭੱਭਾ ਭਜਨ ਦੇ ਸਿੰਘ ਹੈਂ ਕਰਨ ਬਾਲੇ,
ਮੁਕਬਰ ਕੁੱਤਿਆਂ ਵਾਂਗ ਦੁਰਕਾਰ ਦਿੱਤੇ।

ਅਗੋਂ ਮੁਕਬਰਾਂ ਵਾਸਤਾ ਬਹੁਤ ਪਾਇਆ,
ਠਾਣੇਦਾਰ ਆਕੇ ਸਿੰਘ ਢਾਲ ਦਿੱਤੇ।
ਸਿੰਘ ਕਹਿਣ ਇਤਬਾਰ ਨਾਂ ਹਿਦੂਆਂ ਦਾ,
ਠਾਣੇ ਨੇਮ ਗ੍ਰੰਥ ਦੇ ਨਾਲ ਦਿੱਤੇ।
ਮੱਦਤ ਕਰਾਂ ਜੇ ਚਲੋ ਜੀ ਨਾਲ ਮੇਰੇ,
ਸਾਨੂੰ ਗੁਰੂ ਦੇ ਸਿੰਘ ਅਕਾਲ ਦਿੱਤੇ।
ਮੱਮਾ ਮੱਤ ਮਾਰੀ ਗਈ ਹਿੰਦੂਆਂ ਦੀ,
ਨਾਲ ਖਾਲਸੇ ਜ਼ੁਲਮ ਕਮਾਉਣ ਲਗੇ।
ਰੜੋਂ ਉਠਕੇ ਤੇ ਸੇਰ ਪੁਰ ਆਏ,
ਲੰਗਰ ਕਰਨ ਦੀ ਡੌਲ ਬਨਾਉਣ ਲਗੇ।
ਪੰਜ ਸਿੰਘ ਬੁਲਾਇਕੇ ਲਾਉਣ ਬੇੜੀ,
ਮਿੱਠਾ ਬੋਲਕੇ ਚਿੱਤ ਚੁਰਾਉਣ ਲਗੇ।
ਹੋਇ ਹਿੰਦੂਓਂ ਤੁਰਤ ਮਲੇਛ ਸੋਈ,
ਧੋਖਾ ਖਾਲਸੇ ਨਾਲ ਕਮਾਉਣ ਲਗੇ।
ਯੱਯਾ ਯਾਣ ਕਾਣੇ ਮੁਸਲਮਾਣ ਹਿਦੂ,
ਅੰਨੇ ਆਪਣਾ ਆਪ ਗਮਾਂਉਣ ਲਗੇ।
ਸਿੰਘਾਂ ਗਊ ਦੇ ਵਾਸਤੇ ਉਜ਼ਰ ਕੀਤਾ,
ਬੈਰੀ ਹਿੰਦੂਆਂ ਨੂੰ ਨਜ਼ਰ ਆਉਣ ਲਗੇ।
ਜਦੋਂ ਕੋਟਲੇ ਸ਼ਹਿਰ ਪੁਚਾਏ ਦਿੰਦੇ,
ਹਿੰਦੂ ਤੁਰਕ ਤਾਂ ਸ਼ੁਕਰ ਮਨਾਉਣ ਲਗੇ।
ਕੀਤੀ ਅਦਲ ਦੀ ਗੱਲ ਨ ਗੋਰਿਆਂ ਨੇ,
ਨਾਲ ਜ਼ੋਰ ਦੇ ਜ਼ੁਲਮ ਕਮਾਉਣ ਲਗੇ।

ਨਾਭੇ ਸ਼ਹਿਰ ਪਟਿਆਲੇ ਦੀ ਫੌਜ ਤਾਈਂ,
ਨਾਮਧਾਰੀਏ ਸਿੰਘ ਸੁਣਾਉਣ ਲੱਗੇ।
ਰਾਰਾ ਰੰਗ ਬਟਾਂਦੇ ਕਿਉਂ ਖਾਲਸਾ ਜੀ,
ਤੁਸੀਂ ਸਿੰਘ ਸ੍ਰਦਾਰ ਦੀ ਫੌਜ ਦੇ ਹੋਂ।
ਲਾਹਿ ਕਾਲੀਆਂ ਬਰਦੀਆਂ ਫੂਕ ਦੇਵੋ,
ਤੁਸੀਂ ਚਿੱਟੀਆਂ ਦੇ ਨਾਲ ਸੋਜ ਦੇ ਹੋਂ।
ਤੋਪਾਂ ਚੱਕੀ ਆਇ ਸਾਡੇ ਮਾਰਨੇ ਨੂੰ,
ਕਾਹਨੂੰ ਵਿਚ ਹਿੰਦ-ਰੈਣ ਦੇ ਖੋਜਦੇ ਹੋਂ।
ਪਛੋਤਾਓ ਮਲੇਛ ਦੇ ਨਾਲ ਰਲਕੇ,
ਤੁਸੀਂ ਮਾਲਕੀ ਆਪਣੀ ਮੌਜ ਦੇ ਹੋਂ।
ਲੱਲਾ ਲਾਗ ਜਮਾਲ ਪੁਰ ਪਿੰਡ ਦੇ ਜੀ,
ਤੋਪਖਾਨਾ ਮਲੇਛਾਂ ਨੇ ਜੋੜਿਆਈ।
ਕਰਕੇ ਸਿੰਘ ਮੋਹਰੇ ਬੱਤੀ ਲਾਇ ਦਿੰਦੇ,
ਪੁੱਠੀ ਕਲਾ ਦਾ ਗੇੜ ਮਰੋੜਿਆਈ।
ਸਿੰਘ ਹੌਂਸਲੇ ਨਾਲ ਸ਼ਹੀਦ ਹੋਏ,
ਮਹਾਰਾਜ ਤੇ ਮੁਖ ਨ ਮੋੜਿਆਈ।
ਪੱਕਾ ਰੋਗ ਮਲੇਛ ਨੂੰ ਲਾਇ ਦਿੱਤਾ,
ਧਰਮ ਰਖਣਾ ਗੁਰੂ ਨੇ ਲੋੜਿਆਈ।
ਵੱਵਾ ਵਿੱਚ ਜਹਾਨ ਦੇ ਖਬਰ ਹੋਈ,
ਕਾਲਾ ਸੁਰਖ਼ ਅਕਾਸ਼ ਦਾ ਰੰਗ ਹੋਇਆ।
ਸਾਲ ਉੱਨੀ ਸੈ ਠਾਈਆ ਬਹਿਤਿਆ ਸੀ,
ਸੰਤ ਖਾਲਸੇ ਦਾ ਜਦੋਂ ਜੰਗ ਹੋਇਆ।

ਕਈ ਮੁਕਬਰਾਂ ਸਿੰਘ ਫੜਾਇ ਦਿੱਤੇ,
ਸਿਦਕਕਈਆਂ ਦਾ ਅੰਗ ਤੇ ਭੰਗ ਹੋਇਆ ।
ਕਈ ਨਵੇਂ ਵਹੀਰ ਦੇ ਵਿਚ ਹੋਏ,
ਕਈ ਹੋਣ ਦਾ ਚਿੱਤ ਤਰੰਗ ਹੋਇਆ ।
ਕਾਲਾ ਸਿੰਘ ਨੂੰ ਚੌਦਮੇਂ ਬਰਸ ਪਿਛੋਂ,
ਸਤਿਗੁਰੂ ਦੇ ਸ਼ਬਦ ਦਾ ਸੰਗ ਹੋਇਆ ।
ਝਾੜਾ ਝਾੜ ਮਿਟਾਇਕੇ ਦੂਰ ਕੀਤੀ,
ਜਰਮ ਕਰਮ ਦਾ ਰੋਗ ਮਿਟਾਇ ਦਿੱਤਾ ।
ਪ੍ਰਗਟ ਹੋਇਕੇ ਤੇ ਭੈਣੀ ਸਾਹਿਬ ਅੰਦ੍ਰ,
ਸੰਤ ਖਾਲਸਾ ਪੰਥ ਚਲਾਇ ਦਿੱਤਾ ।
ਵਾਹਿ ਗੁਰੂ ਦਾ ਜਾਪ ਜਪਾਇ ਕੇ ਜੀ,
ਨਰਕੀ ਜੀਵ ਬੈਕੁੰਠ ਪਹੁੰਚਾਇ ਦਿੱਤਾ ।
ਰਾਮ ਸਿਘ ਸਚੇ ਪਾਤਸ਼ਾਹ ਨੇ ਜੀ,
ਜਮਡੰਡ ਤਰਾਸ ਮਿਟਾਇ ਦਿੱਤਾ ।
ਨੰਗਲ ਵੱਡਾ ਪਖੋਵਾਲ ਪਾਸ ਮੇਰਾ,
ਭੈਣੀ ਸਾਹਿਬ ਸੋਲਾਂ ਕੋਸ ਧਾਮ ਹੈ ਜੀ ।
ਸੁੰਦਰ ਸਿੰਘ ਮਤਾਬ ਹੈ ਸਿੰਘ ਭਾਈ,
ਨਾਮਾਂ ਬੰਸੀਆਂ ਦਾ ਸਾਡਾ ਜਾਮ ਹੈ ਜੀ ।
ਸਾਲ ਉਨੀ ਸੈ ਵਿਚ ਬਤਾਲੀਏ ਦੇ,
ਅਸੀਂ ਪੁਛਿਆ ਗੁਰੂ ਦਾ ਨਾਮ ਹੈ ਜੀ ।
ਸਤਿਗੁਰੂ ਬਗੈਰ ਅੰਧੇਰ ਸਾਰੇ,
ਓਧੀ ਬੰਦਗੀ ਵਿਚ ਆਰਾਮ ਹੈ ਜੀ ।

ਰਾਮ ਸਿੰਘ ਲੱਭਾ ਗੁਰੂ ਭੁਲਿਆਂ ਨੂੰ,
ਮਿਲੀ ਸੱਚ ਦੇ ਗੁਰੂ ਦੀ ਸਾਮ ਹੈ ਜੀ।
ਸਤਿਗੁਰੂ ਦੀ ਬੰਦਗੀ ਜਿਨ੍ਹਾਂ ਕੀਤੀ,
ਬੇੜਾ ਉਹਨਾਂ ਦਾ ਸਿੰਧ ਤੇ ਪਾਰ ਹੋਇਆ।
ਚਾਰ ਵਰਨ ਮੈਂ ਗੁਰੂ ਦੀ ਆਦਿ ਸਿਖੀ,
ਨਵਾਂ ਬੇਰੀਆਂ ਕੌਮ ਤਿਆਰ ਹੋਇਆ।
ਜੰਗੀ ਭਜਨ ਤੇ ਰਹਿਤ ਹੈ ਜੰਗੀਆਂ ਦੀ,
ਸੋ ਭੀ ਰੂਸ ਫਰੰਗ ਦਾ ਯਾਰ ਹੋਇਆ।
ਸ਼ਰਨ ਪਿਆਂ ਨੂੰ ਬਖਸ਼ਣਾਂ ਮਿਹਰਵਾਨਾਂ,
ਸਤਿਗੁਰੂ ਬਖਸ਼ਿੰਦਗੀ ਹਾਰ ਹੋਇਆ।
ਇਤਿ ਸ੍ਰੀ ਪੈਂਤੀਸ ਅੱਖਰੀ ਸੰਪੂਰਣੰ।

ਦੋਹਰਾ।

ਬੇੜਾ ਖੱਸੀ ਜੋ ਕਰੇ ਡੂਬੀ ਜਿਣਸ ਬਿਆਜ।
ਪੈਸਾ ਲੜਕੀ ਕਾ ਲਏ ਸਜਾ ਦੇਤ ਮਹਾਰਾਜ।

ਕਬਿੱਤ।

ਜੀਨੂੰ ਆਖਦੇ ਅਕਾਲ ਸੁਰਗ-ਲੋਕ ਤੇ ਪਿਆਲ,
ਸੋਈ ਪ੍ਰਗਟਿਆ ਗੁਪਾਲ ਰਾਮ ਸਿੰਘ ਜੋ ਕਹਾਉਂਦਾ।
ਜੇਹੜਾ ਸੁਣੀਂਦਾ ਸੀ ਦੂਰ ਸੋਈ ਦੇਖਿਆ ਹਦੂਰਿ
ਜੈਸੇ ਪਾਨੀ ਉਤੇ ਬੂਰ ਪਉਣ ਛਿਨ ਮੇਂ ਹਟਾਉਂਦਾ।
ਕੀਤੀ ਧਰਤ ਨੇ ਪੁਕਾਰ ਮੈਂ ਤਾਂ ਹੋਈ ਹਾਂ ਲਚਾਰ,
ਮੈਨੂੰ ਦੇਣਾ ਜੀ ਦੀਦਾਰ ਭਾਰ ਚਕਿਆ ਨਹੀਂ
ਜਾਉਂਦਾ। ਸੁਣੀ ਅਰਜੋਈ ਮਹਾਰਾਜ ਮੰਨੀ

ਸੋਈ ਐਸਾ ਦੇਖਕੇ ਤਰਸ ਤਾਂ ਧਰਤ ਉਤੇ ਆਉਂਦਾ।
ਤੇਰੀ ਕਰੇ ਸੋ ਪਛਾਣ ਜੀ ਨੂੰ ਦੇਵੇਂ ਆਪ ਤਾਣ,
ਸਾਖ ਵਿੰਦੇ ਸੋ ਪੂਰਾਣ ਰਾਮ ਬਾਂਢੀ ਬੰਸ ਆਉਂਦਾ।
ਕੀਤਾ ਤੁਰਕ ਤੋਂ ਵਰਕ ਕਰੇ ਏਸਨੂੰ ਗਰਕ ਦੇਖ
ਗਊ ਦਾ ਤਰਸ ਤਾਂ ਫਰਕ ਦਿਲ ਜਾਉਂਦਾ। ਸਿੱਧ
ਜੋ ਚੁਰਾਸੀ ਨਵੇਂ ਨਾਥ ਤੇ ਬਵੰਜਾ ਬੀਰ ਧਰਨ
ਤੇਰਾ ਧਿਆਨ ਬੀਨ ਨਾਰਦ ਬਜਾਉਂਦਾ। ਕਵਿ
ਬਲਿਹਾਰੀ ਮੇਰੀ ਬੰਦਨਾ ਮੁਰਾਰੀ ਤੂੰ ਉਤਾਰਾਂ ਮੇਂ
ਉਤਾਰੀ ਤੇਰਾ ਅੰਤ ਨਾਹੀਂ ਆਉਂਦਾ ॥ ੨ ॥ ਸਿੱਖੀ
ਤੇਰੀ ਹੈ ਨਧੜਕ ਬੱਧੀ ਨਾਮ ਰੂਪੀ ਸੜਕ ਪੈਂਦੀ
ਬਰਖਾ ਵਾਂਗੂ ਧਮਕ ਜਿਥੇ ਸ਼ਬਦ ਮਿਲ ਗਾਉਂਦਾ।
ਕੜਾ ਕੱਛ ਤੇ ਕ੍ਰਿਪਾਨ ਸਣੇ ਕੇਸੀ ਅਸ਼ਨਾਨ ਧਰਨਾ
ਸਤਿਗੁਰਾਂ ਦਾ ਧਿਆਨ ਹੋਰ ਆਸਰਾ ਹਟਾਉਂਦਾ।
ਜੇਹੜੀ ਮੀਆਂ ਦੀ ਮਸਤ ਓਹਦੀ ਕਰਦੇ ਨਾ ਪ੍ਰਤੀਤ
ਛੱਡ ਪੱਥਰਾਂ ਦੀ ਪੂਜਾ ਦੇਹਰਾ ਸੱਚ ਦਾ ਬਨਾਉਂਦਾ।
ਜਿਥੇ ਖਾਲਸੇ ਦਾ ਸਾਹਾ ਨਹੀਂ ਬਾਮਣਾ ਨੂੰ ਲਾਹਾ
ਘਰ ਹੋਵੇ ਜੇ ਸਕਤ ਮੇਲਾ ਖਾਲਸੇ ਦਾ ਲਾਉਂਦਾ
॥ ੩ ॥ ਰੀਤ ਗੁਰਾਂ ਨੇ ਚਲਾਈ ਸੋਈ ਖਾਲਸੇ ਕਮਾਈ
ਪੇਛ ਪੰਮਿਆਂ ਦੇ ਆਈ ਪਾਣੀ ਸਕਿਆਂ ਦਾ
ਹਟਾਉਂਦਾ। ਕਰਕੇ ਲੋਭ ਦਾ ਤਿਆਗ ਰਚਿਆ ਨਾਮ
ਦਾ ਜਹਾਜ ਉਤੇ ਚਾੜ੍ਹ ਚਾੜ੍ਹ ਸੇਵਕਾਂ ਨੂੰ ਪਾਰ ਲੇ
ਲੰਘਾਉਂਦਾ। ਰਸਤਾ ਦਸਿਆ ਸੁਖੈਨ ਹੋਈ ਸੇਵਕਾਂ

ਨੂੰ ਚੈਨ ਖੁਲ੍ਹੇ ਅੰਧਕਾਰ ਨੈਨ ਬੈਨ ਕੰਨ ਮੇਂ ਸੂਞਾ-
ਉਂਦਾ। ਜੇਹੜੇ ਆਖਦੇ ਕਲਾਮ ਸੋਦੀ ਹੋਣਗੇ
ਬਗਾਨ ਸਾਰਾ ਦੇਖੂਗਾ ਜਹਾਨ ਕਵੀ ਕਹਿਕੇ ਸੁਣਾ-
ਉਂਦਾ॥ ੪॥

ਸ੍ਰੀ ਸਤਿਗੁਰੂ ਰਾਮ ਹਰੀ ਪ੍ਰੈਸ ਸ੍ਰੀ ਭੈਣੀ ਸਾਹਿਬ ਵਿਖੇ
ਬਲਵੰਤ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਦੇ
ਪ੍ਰਬੰਧ ਨਾਲ ਛਪਿਆ ।